ਵਿਸ਼ਾ:- ਨੌਵੀ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ (MR/HI/VI) ਵਾਲੇ ਵਿਦਿਆਰਥੀਆਂ ਲਈ ਸਮੂਹ ਵਿਸ਼ਿਆਂ ਦਾ Question Bank ਬਣਾਉਣ ਦੀ ਰੂਪ ਰੇਖਾ ਸੰਬੰਧੀ।

ਬੋਰਡ ਦੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ (MR/HI/VI) ਵਿਦਿਆਰਥੀਆਂ ਲਈ ਸਮੂਹ ਵਿਸ਼ਿਆਂ ਦਾ ਇੱਕ Question Bank ਬਣਾਇਆ ਜਾਵੇਗਾ ਇਸੇ ਦੀ ਲੋਅ ਵਿੱਚ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ (MR/HI/VI) ਵਿਦਿਆਰਥੀਆਂ ਲਈ ਸਮੂਹ ਵਿਸ਼ਿਆਂ ਦਾ ਇੱਕ Question Bank ਬਣਾਉਣ ਸੰਬੰਧੀ ਡੀ. ਜੀ. ਐਸ. ਈ. ਦਫ਼ਤਰ ਵੱਲੋ ਮੀਮੋ ਨੰ: ਆਈ. ਈ. ਡੀ. ਐਸ. ਐਸ./ ਰਮਸਾ/2018/31774 ਮਿਤੀ: 26-07-2018 ਨੂੰ ਪ੍ਰਾਪਤ ਹੋਇਆ।

ਮਾਨਯੋਗ ਚੇਅਰਮੈਨ ਜੀ ਦੇ ਆਦੇਸ਼ਾਂ ਅਨੁਸਾਰ ਕਿਉਂਜੋਂ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਸਕੂਲ ਪੱਧਰ ਤੇ ਲਈਆਂ ਜਾਂਦੀਆਂ ਹਨ ਸੋ, ਇਸ ਸੰਬੰਧੀ Question Bank ਬਣਾਉਣ ਦੀ ਕਾਰਵਾਈ ਸੰਬੰਧਿਤ ਸਕੂਲ ਅਧਿਆਪਕਾਂ ਵੱਲੋਂ ਵਿਸ਼ਿਆਂ ਦੀ ਅਤੇ (MR/HI/VI) ਵਿਦਿਆਰਥੀਆਂ ਦੀ ਲੋੜ ਅਨੁਸਾਰ ਬੋਰਡ ਵੱਲੋਂ Question Bank ਤਿਆਰ ਕੀਤੇ ਜਾਣ ਲਈ ਨਿਰਧਾਰਿਤ ਰੂਪਰੇਖਾ ਅਨੁਸਾਰ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਔਕੜ ਨਾ ਪੇਸ਼ ਆਵੇ ਨਾਲ ਹੀ ਸੁਨਿਸ਼ਚਿਤ ਕੀਤਾ ਜਾਵੇ ਕਿ ਸਕੂਲ ਪੱਧਰ ਤੇ ਵੱਖ-ਵੱਖ ਵਿਸ਼ਿਆਂ ਲਈ ਤਿਆਰ ਕੀਤੇ ਜਾਣ ਵਾਲੇ Question Bank ਵਿੱਚੋਂ ਹੀ (MR/HI/VI) ਵਿਦਿਆਰਥੀਆਂ ਦੇ ਪ੍ਰਸ਼ਨ ਪੱਤਰ ਬਣਾਏ ਜਾਣ।

Question Bank ਬਣਾਉਣ ਲਈ ਹੇਠ ਲਿਖੀ ਰੂਪ ਰੇਖਾ ਨਿਸ਼ਚਿਤ ਕੀਤੀ ਗਈ ਹੈ:-

**1.** Question bank ਵਿੱਚ ਲਗਭਗ 60% ਪ੍ਰਸ਼ਨ ਹੇਠ ਲਿਖੇ ਅਨੁਸਾਰ ਵਸਤੂਨਿਸ਼ਠ (Objective Type) ਕਿਸਮ ਦੇ ਹੋਣਗੇ। ਹਰ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

- 15% Multiple Choice Questions
- 15% Match the following type
- 15% Fill in the Blanks with given options
- 15% True/False or Yes/No type

**2.** Question Bank ਵਿੱਚ ਲਗਭਗ 20% ਬਹੁਤ ਛੋਟੇ ਉੱਤਰਾ ਵਾਲੇ (Very Short) ਪ੍ਰਸ਼ਨ ਹੋਣਗੇ, ਜਿਨ੍ਹਾਂ ਦਾ ਉੱਤਰ ਇੱਕ ਜਾ ਦੋ ਵਾਕਾਂ ਵਿੱਚ ਦਿੱਤਾ ਜਾਵੇਗਾ। ਹਰ ਪ੍ਰਸ਼ਨ 3 ਅੰਕਾਂ ਦਾ ਹੋਵੇਗਾ।

**3.** Question Bank ਵਿੱਚ ਵਿਸ਼ੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਲਗਭਗ 20% ਛੋਟੇ ਉੱਤਰਾਂ ਵਾਲੇ (Short type ਦਰਜ ਕਿਸਮਾਂ ਵਿੱਚੋਂ ਹੋਣਗੇ । ਹਰ ਪ੍ਰਸ਼ਨ 4 ਅੰਕਾ ਦਾ ਹੋਵੇਗਾ।

- ਰੇਖਾ ਚਿੱਤਰ Label ਕਰਨਾ (Labeling the Diagram)
- ਨਕਸ਼ੇ ਤੇ ਸਥਾਨ ਦਰਸਾਉਣਾ/ਗ੍ਰਾਫ (Marking the Locations on Map/Graph)
- ਸਮਾਨਤਾ ਅਤੇ ਭਿੰਨਤਾ (Similarities and Differences)
- ਉਦਾਹਰਣ ਦੇਣ ਸੰਬੰਧੀ ਪ੍ਰਸ਼ਨ (Ask to give examples)

ਗਣਿਤ ਵਿਸ਼ੇ ਲਈ ਛੋਟੇ-ਛੋਟੇ ਹਿੱਸਿਆਂ ਵਿੱਚ ਚਿੱਤਰਾਂ ਰਾਹੀਂ ਪ੍ਰਸ਼ਨ ਦਰਸਾਏ ਜਾਣ। ਇਨ੍ਹਾਂ ਵਿਸ਼ਿਆਂ ਦੇ ਸੈਟ ਕੀਤਾ ਪ੍ਰਸ਼ਨ ਪੱਤਰ, ਰੈਗੂਲਰ ਪ੍ਰੀਖਿਆ ਅਧੀਨ ਸੈੱਟ ਕੀਤੇ ਪ੍ਰਸ਼ਨ ਪੱਤਰ ਦਾ ਵੱਧ ਤੋਂ ਵੱਧ 3/4 ਭਾਗ ਹੋਵੇਗਾ। The subject of Mathematics sums should be expressed through visuals and smaller ones the number of sums to be reduced to a maximum of 3rd/4th paper.